Washington State Department of Social & Health Services
Transforming lives

# ਤੁਹਾਡੇ DSHS ਸਬੰਧਤ ਕੈਸ਼ ਜਾਂ ਫੂਡ ਬੈਨਿਫਿਟ

## Your DSHS Cash or Food Benefits

| ਕਲਾਇੰਟ ਦਾ ਨਾਂ (ਪਰਿਵਾਰ ਦਾ ਮੁਖੀਆ) |
|---|
| ਕਲਾਇੰਟ ਦਾ ਆਈ ਡੀ ਨੰਬਰ |

### DSHS ਦੀਆਂ ਕੈਸ਼ ਗਰਾਂਟਾਂ, TANF, ਰਿਫਿਊਜੀ ਕੈਸ਼, ABD ਕੈਸ਼, ਡਾਇਵਰਸ਼ਨ

☐ **ਉਦੇਸ਼**

DSHS ਘੱਟ ਆਮਦਨੀ ਵਾਲੇ ਉਹਨਾਂ ਵਾਸੀਆਂ ਨੂੰ ਕੈਸ਼ ਗਰਾਂਟਾਂ ਦੇਂਦਾ ਹੈ ਜੋ ਪਬਲਿਕ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਪਾਏ ਜਾਂਦੇ ਹਨ।

ਇਹਨਾਂ ਬੈਨਿਫਿਟਾਂ ਨਾਲ ਜੀਵਨ ਨਿਰਬਾਹ ਦੇ ਮੂਲ ਖਰਚੇ ਕਰਨ ਵਿਚ ਮਦਦ ਮਿਲਦੀ ਹੈ (RCW 74.04.770)।

TANF ਕੈਸ਼ ਗਰਾਂਟਾਂ ਦੀ ਵਰਤੋਂ ਸਿਰਫ ਤੁਹਾਡੀ ਨਿਗਰਾਨੀ ਹੇਠ ਮੌਜੂਦ ਬੱਚਿਆਂ ਦੇ ਲਾਭ ਲਈ ਕਰਨੀ ਜ਼ਰੂਰੀ ਹੈ। ਅਸੀਂ ਇਸ ਗੱਲ ਦਾ ਸਬੂਤ ਮੰਗ ਸਕਦੇ ਹਾਂ ਕਿ ਤੁਸੀਂ ਆਪਣੀ TANF ਗਰਾਂਟ ਦੀ ਵਰਤੋਂ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰ ਰਹੇ ਹੋ (RCW 74.12.260)।

☐ **ਵਾਜਬ ਵਰਤੋਂ**

ਆਪਣੀ ਕੈਸ਼ ਗਰਾਂਟ ਦੀ ਵਰਤੋਂ ਤੁਸੀ ਜੀਵਨ ਨਿਰਬਾਹ ਦੇ ਅਜਿਹੇ ਖਰਚਿਆਂ ਲਈ ਕਰ ਸਕਦੇ ਹੋ ਜਿਵੇਂ:

- ਰਹਿਣ ਦੀ ਥਾਂ
- ਬਾਲਣ
- ਭੋਜਨ
- ਆਵਾਜਾਈ
- ਕਪੜੇ
- ਘਰ ਦੀ ਦੇਖਰੇਖ
- ਨਿੱਜੀ ਸਰੀਰਕ ਸਫਾਈ
- ਰੁਜ਼ਗਾਰ ਦੇ ਖਰਚੇ

☐ **ਗੈਰਕਾਨੂੰਨੀ ਵਰਤੋਂ**

RCW 74.08.580 ਦੇ ਅੰਤਰਗਤ, ਹੇਠਲੇ ਕੰਮਾਂ ਲਈ ਇਲੈਕਟ੍ਰਾਨਿਕ ਬੈਨਿਫਿਟ ਟ੍ਰਾਂਸਫਰ (EBT) ਕਾਰਡਾਂ ਜਾਂ EBT ਕਾਰਡਾਂ ਤੋਂ ਲਈ ਨਕਦੀ ਦੀ ਵਰਤੋਂ ਕਰਨਾ ਗੈਰਕਾਨੂੰਨੀ ਹੈ:

- ਜੂਆ - ਜੂਏ ਦੇ ਵਿਚ ਲਾਟਰੀ ਦੀਆਂ ਟਿਕਟਾਂ, ਪੁਲ ਟੈਬ, ਪੰਚ ਬੋਰਡ, ਬਿੰਗੋ, ਘੁੜ ਦੌੜ ਅਤੇ RCW 9.46, 67.16, ਅਤੇ 67.70 ਵਿਚ ਦਰਜ ਕੀਤੀਆਂ ਸੰਜੋਗ (ਚਾਂਸ) ਨਾਲ ਜੁੜੀਆਂ ਸਾਰੀਆਂ ਖੇਡਾਂ ਸ਼ਾਮਲ ਹਨ।
- ਸਰੀਰ ਉੱਪਰ ਗੋਦਣ, ਛੇਕ ਕਰਵਾਉਣ ਜਾਂ ਸਰੀਰਕ ਕਲਾਕਾਰੀ ਦੁਕਾਨਾਂ ਦੀਆਂ ਸੇਵਾਵਾਂ ਖਰੀਦਣਾ।
- ਸਿਗਰਟ ਜਾਂ ਤੰਬਾਕੂ ਖਰੀਦਣਾ।
- ਅਲਕੋਹਲ ਵਾਲੀਆਂ ਚੀਜ਼ਾਂ ਖਰੀਦਣਾ।
- ਹੇਠਲੀਆਂ ਥਾਂਵਾਂ ਤੇ ਸਾਮਾਨ ਜਾਂ ਸੇਵਾਵਾਂ ਖਰੀਦਣਾ:
  - ਟੈਵਰਨ
  - ਬੀਅਰ ਜਾਂ ਵਾਈਨ ਦੀਆਂ ਦੁਕਾਨਾਂ, ਜਦ ਤੱਕ SNAP ਜਾਂ WICK ਰਿਟੇਲਰ ਵਜੋਂ ਅਖ਼ਤਿਆਰਪ੍ਰਾਪਤ ਨਹੀਂ ਹਨ
  - ਨਾਈਟ ਕਲੱਬ
  - ਬੇਲ ਬੌਂਡ ਏਜੰਸੀਆਂ
  - ਜੂਆਘਰ
  - ਬਾਲਗਾਂ ਦੇ ਮਨੋਰੰਜਨ ਵਾਲੀਆਂ ਥਾਂਵਾਂ ਜਿੱਥੇ ਕਾਮ-ਉਕਸਾਊ ਪ੍ਰਦਰਸ਼ਨ ਹੁੰਦੇ ਹੋਣ
  - ਕੋਈ ਵੀ ਅਜਿਹੀ ਥਾਂ ਜਿੱਥੇ 18 ਸਾਲ ਤੋਂ ਘੱਟ ਉਮਰ ਵਾਲੇ ਲੋਕਾਂ ਦੇ ਜਾਣ ਤੇ ਮਨਾਹੀ ਹੋਵੇ
    - ਮਸਲਿਨ ਭੰਗ ਦੇ ਪਰਚੂਨ ਵਿਕਰੇਤਾ, ਜਿਥੇ ਭੰਗ ਅਤੇ/ ਜਾਂ ਭੰਗ ਆਧਾਰਿਤ ਉਤਪਾਦ ਵੇਚੇ ਜਾਂਦੇ ਹੋਣ।

### DSHS ਦੇ ਫੂਡ ਬੈਨਿਫਿਟ

☐ **ਉਦੇਸ਼**

DSHS ਦੇ ਭੋਜਨ ਸਹਾਇਤਾ ਪ੍ਰੋਗਰਾਮਾਂ ਵਿਚ ਸ਼ਾਮਲ ਹਨ:

- ਬੇਸਿਕ ਫੂਡ.
- ਕਾਨੂੰਨੀ ਇਮੀਗ੍ਰੈਂਟਾਂ ਲਈ ਭੋਜਨ ਦੀ ਸਹਾਇਤਾ (FAP).
- ਵਾਸ਼ਿੰਗਟਨ ਸਾਂਝੀ ਅਰਜ਼ੀ ਪ੍ਰੋਜੈਕਟ (WASHCAP).
- ਅੰਤਰਕਾਲੀ ਭੋਜਨ ਸਹਾਇਤਾ (TFA).

ਇਹ ਪ੍ਰੋਗਰਾਮ ਘੱਟ ਆਮਦਨੀ ਵਾਲੇ ਲੋਕਾਂ ਨੂੰ ਇਲੈਕਟ੍ਰਾਨਿਕ ਬੈਨਿਫਿਟ ਟ੍ਰਾਂਸਫਰ (EBT) ਕਾਰਡ ਨਾਲ ਭੋਜਨ ਖਰੀਦਣ ਲਈ ਸਹਾਇਤਾ ਕਰਦੇ ਹਨ।

☐ **ਵਾਜਬ ਵਰਤੋਂ**

ਤੁਸੀਂ ਅਤੇ ਤੁਹਾਡਾ ਪਰਿਵਾਰ ਆਪਣੇ ਫੂਡ ਬੈਨਿਫਿਟਾਂ ਦੀ ਵਰਤੋਂ USDA, ਫੂਡ ਐਂਡ ਨਿਊਟ੍ਰੀਸ਼ਨ ਸਰਵਿਸ (FNS) ਵਲੋਂ ਅਧਿਕਾਰ ਪ੍ਰਾਪਤ ਰਿਟੇਲਰਾਂ ਕੋਲੋਂ ਭੋਜਨ ਖਰੀਦਣ ਲਈ ਕਰ ਸਕਦੇ ਹੋ।

ਤੁਸੀਂ ਆਪਣੇ ਬੈਨਿਫਿਟਾਂ ਦੀ ਵਰਤੋਂ ਹੇਠਲੀਆਂ ਚੀਜ਼ਾਂ ਖਰੀਦਣ ਲਈ ਕਰ ਸਕਦੇ ਹੋ:

- ਬ੍ਰੈਡ ਅਤੇ ਸੀਰਿਅਲ.
- ਫਲ ਅਤੇ ਸਬਜ਼ੀਆਂ.
- ਚੀਜ਼, ਦੁਧ ਅਤੇ ਡੇਰੀ ਉਤਪਾਦ
- ਮਾਸ, ਮੱਛੀ, ਪੋਲਟਰੀ ਅਤੇ ਆਂਡੇ
- ਤਿਆਰ ਗਰਮ ਖਾਣੇ ਨੂੰ ਛੱਡ ਕੇ ਜ਼ਿਆਦਾਤਰ ਬਾਕੀ ਖਾਣਾ
- ਭੋਜਨ ਪੈਦਾ ਕਰਨ ਵਾਲੇ ਬੀਜ ਅਤੇ ਪੌਦੇ

☐ **ਗੈਰਕਾਨੂੰਨੀ ਵਰਤੋਂ**

ਹੇਠਲੇ ਕੰਮ ਗੈਰਕਾਨੂੰਨੀ ਹਨ:

- ਫੂਡ ਬੈਨਿਫਿਟਾਂ ਦੀ ਵਰਤੋਂ ਘਰ ਦੇ ਯੋਗ ਮੈਂਬਰਾਂ ਦੇ ਲਈ ਭੋਜਨ ਖਰੀਦਣ ਦੇ ਇਲਾਵਾ ਕਿਸੇ ਹੋਰ ਚੀਜ਼ ਨੂੰ ਖਰੀਦਣ ਦੇ ਲਈ ਕਰਨਾ
- ਤੁਹਾਡੇ ਵਲੋ EBT ਕਾਰਡ ਨੂੰ ਵੇਚਣਾ ਜਾਂ ਵੇਚਣ ਦੀ ਕੋਸ਼ਸ਼ ਕਰਨਾ।.
- ਆਪਣੇ ਬੈਨਿਫਿਟਾਂ ਜਾਂ ਆਪਣੇ EBT ਕਾਰਡ ਨਾਲ ਖਰੀਦੇ ਗਏ ਭੋਜਨ ਦੇ ਬਦਲੇ ਕੋਈ ਕੀਮਤ ਵਾਲੀ ਚੀਜ਼ ਲੈਣਾ (ਅਵੈਧ ਵਪਾਰ)।
  ਅਵੈਧ ਵਪਾਰ ਦੀਆਂ ਉਦਾਹਰਨਾਂ ਵਿਚ ਭੋਜਨ ਬੈਨਿਫਿਟਾਂ ਦੇ ਬਦਲੇ ਕੈਸ਼, ਦਵਾਈਆਂ ਜਾਂ ਹਥਿਆਰ ਲੈਣਾ ਸ਼ਾਮਲ ਹਨ।
- ਆਪਣੇ ਪਰਿਵਾਰ ਤੋਂ ਬਾਹਰ ਕਿਸੇ ਵਿਅਕਤੀ ਨੂੰ ਆਪਣੇ ਬੈਨਿਫਿਟ ਦੇਣਾ।
- ਫੂਡ ਬੈਨਿਫਿਟਾਂ ਦੀ ਵਰਤੋਂ ਗੈਰ-ਭੋਜਨ ਚੀਜ਼ਾਂ ਖਰੀਦਣ ਲਈ ਕਰਨਾ। ਉਦਾਹਰਨਾਂ ਵਿਚ ਸ਼ਾਮਿਲ ਹਨ ਸਿਗਰਟਾਂ, ਤੰਬਾਕੂ, ਬੀਅਰ, ਵਾਈਨ, ਸ਼ਰਾਬ, ਘਰੇਲੂ ਸਾਮਾਨ, ਸਾਬਣ, ਕਾਗਜ਼ ਦੇ ਉਤਪਾਦ, ਵਿਟਾਮਿਨ, ਦਵਾਈਆਂ ਅਤੇ ਪਾਲਤੂ ਜਾਨਵਰਾਂ ਲਈ ਖਾਣਾ।
- ਆਪਣੇ ਫੂਡ ਬੈਨਿਫਿਟਾਂ ਦੀ ਵਰਤੋਂ ਆਨ ਕ੍ਰੈਡਿਟ ਖਾਤਿਆਂ ਦੀ ਅਦਾਇਗੀ ਲਈ ਕਰਨਾ।



Barcode label

14520

| DSHS ਦੀਆਂ ਕੈਸ਼ ਗਰਾਂਟਾਂ,<br>TANF, ਰਿਫਿਊਜੀ ਕੈਸ਼, ABD ਕੈਸ਼, ਡਾਇਵਰਸ਼ਨ | DSHS ਦੇ ਫ਼ੂਡ ਬੈਨਿਫਿਟ |
|---|---|
| ☐ **ਗੈਰਕਾਨੂੰਨੀ ਵਰਤੋਂ ਲਈ ਸਜ਼ਾ**<br>ਜੇ ਤੁਸੀਂ ਆਪਣੇ EBT ਕਾਰਡ ਜਾਂ EBT ਕਾਰਡ ਰਾਹੀਂ ਲਈ ਗਈ ਨਕਦੀ ਦੀ ਵਰਤੋਂ ਗੈਰਕਾਨੂੰਨੀ ਜਾਂ ਗੈਰਵਾਜਬ ਤਰੀਕੇ ਨਾਲ ਕਰਦੇ ਹੋ ਤਾਂ ਅਸੀਂ :<br>• ਤੁਹਾਡੀ ਕੈਸ਼ ਗਰਾਂਟ ਦੇ ਪ੍ਰਬੰਧ ਲਈ ਕਿਸੇ ਰੱਖਿਅਕ ਭੁਗਤਾਨ ਕਰਤਾ ਨੂੰ ਮਨੋਨੀਤ ਕਰ ਸਕਦੇ ਹਾਂ।<br>• ਤੁਹਾਡੇ ਕੋਲੋਂ ਇਸ ਗੱਲ ਦਾ ਸਬੂਤ ਮੰਗ ਸਕਦੇ ਹਾਂ ਕਿ ਤੁਸੀਂ ਆਪਣੀ ਗਰਾਂਟ ਦੀ ਵਰਤੋਂ ਆਪਣੇ ਦੇਖਰੇਖ ਹੇਠਲੇ ਬੱਚਿਆਂ ਲਈ ਕਰ ਰਹੇ ਹੋ।<br>• ਤੁਹਾਡੇ ਕੈਸ਼ ਬੈਨਿਫਿਟ ਬੰਦ ਕਰ ਸਕਦੇ ਹਾਂ।<br>• ਤੁਹਾਡੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦੇ ਹਾਂ ਜਿਸ ਵਿਚ ਫੌਜਦਾਰੀ ਮੁਕਦਮਾ ਵੀ ਸ਼ਾਮਲ ਹੈ।<br><br>☐ **EBT ਕੱਢਣ ਲਈ ਆਟੋਮੇਟਿਡ ਟੈਲਰ ਮਸ਼ੀਨਾਂ (ATM) ਦੀ ਫੀਸ**<br>ਜੇ ਤੁਸੀਂ ਆਪਣੇ EBT ਕਾਰਡ ਦੀ ਵਰਤੋਂ ਕਿਸੇ ATM ਤੋਂ ਪੈਸੇ ਕੱਢਣ ਲਈ ਕਰਦੇ ਹੋ ਤਾਂ:<br>• ATM ਦਾ ਮਾਲਕ ਜਾਂ ਮਸ਼ੀਨ ਨੂੰ ਚਲਾਉਣ ਵਾਲਾ ਬੈਂਕ ਤੁਹਾਡੇ ਕੋਲੋਂ ਸਰਚਾਰਜ ਫੀਸ ਲੈ ਸਕਦਾ ਹੈ।<br>• ਸਾਡਾ ਡਿਪਾਰਟਮੈਂਟ ATM ਸਰਚਾਰਜ ਫੀਸ ਦਾ ਭੁਗਤਾਨ ਜਾਂ ਵਾਪਸੀ ਨਹੀਂ ਕਰਦਾ।<br>• ਹੋ ਸਕਦਾ ਹੈ ਕਿ ਕੁਝ ਸਟੋਰਾਂ ਵਿਚ ਤੁਹਾਨੂੰ ਬਿਨਾਂ ਕਿਸੇ ਫੀਸ ਦੇ ਨਕਦੀ ਮਿਲ ਜਾਏ। | ☐ **ਗੈਰਕਾਨੂੰਨੀ ਵਰਤੋਂ ਲਈ ਸਜ਼ਾ**<br>ਜੇ ਤੁਸੀਂ ਆਪਣੇ ਫ਼ੂਡ ਬੈਨਿਫਿਟਾਂ ਦੀ ਜਾਣ ਬੁਝ ਕੇ ਦੁਰਵਰਤੋਂ ਕਰਦੇ ਹੋ ਤਾਂ ਹੋ ਸਕਦਾ ਹੈ ਕਿ:<br>• ਅਵੈਧ ਵਪਾਰ ਲਈ ਵਰਤੇ ਗਏ ਬੈਨਿਫਿਟਾਂ ਦੇ ਪੈਸੇ ਵਾਪਸ ਕਰਨੇ ਪੈ ਸਕਦੇ ਹਨ।<br>• ਤੁਹਾਨੂੰ ਅਯੋਗ ਕਰਾਰ ਦਿੱਤਾ ਜਾਏ ਅਤੇ ਤੁਸੀਂ ਆਪਣੇ ਬੈਨਿਫਿਟ ਗੁਆ ਬੈਠੋ:<br>  ○ ਘੱਟੋ ਘੱਟ ਇੱਕ ਸਾਲ ਲਈ<br>  ○ ਉਮਰ ਭਰ ਲਈ<br>  ○ ਕਿਸੇ ਦੂਜੀ ਸਟੇਟ ਵਿਚ ਚਲੇ ਜਾਣ ਦੇ ਬਾਵਜੂਦ ਵੀ ਅਯੋਗ ਕਰਾਰ ਦਿੱਤਾ ਜਾਏ।<br>• ਤੁਹਾਡੇ ਤੇ ਜੁਰਮਾਨੇ ਕੀਤੇ ਜਾਣ।<br>• ਤੁਹਾਡੇ ਤੇ, ਫੌਜਦਾਰੀ ਮੁਕਦਮੇ ਸਮੇਤ, ਕਾਨੂੰਨੀ ਕਾਰਵਾਈ ਕੀਤੀ ਜਾਵੇ।<br>ਫ਼ੂਡ ਬੈਨਿਫਿਟਾਂ ਦੇ ਅਵੈਧ ਵਪਾਰ ਦੇ ਮੁਕਦਮਿਆਂ ਵਿਚ DSHS ਸਟੇਟ ਦੇ, ਸਥਾਨਕ ਅਤੇ ਫੈਡਰਲ ਅਧਿਕਾਰੀਆਂ ਨਾਲ ਸਹਿਯੋਗ ਕਰੇਗਾ। |

ਹੇਠਾਂ ਦਸਤਖਤ ਕਰਕੇ ਮੈਂ ਇਸ ਗੱਲ ਲਈ ਸਹਿਮਤ ਹਾਂ ਕਿ DSHS ਦੇ ਕੈਸ਼ ਅਤੇ ਫ਼ੂਡ ਬੈਨਿਫਿਟਾਂ ਦੀ ਵਾਜਬ ਅਤੇ ਕਾਨੂੰਨੀ ਵਰਤੋਂ ਮੈਨੂੰ ਸਮਝਾ ਦਿੱਤੀ ਗਈ ਹੈ। ਮੈਂ ਬੈਨਿਫਿਟਾਂ ਦੀ ਸਹੀ ਵਰਤੋਂ ਅਤੇ ਗੈਰਕਾਨੂੰਨੀ ਵਰਤੋਂ ਦੀ ਸਜ਼ਾ ਸਮਝ ਲਈ ਹੈ। ਮੈਂ ਸਮਝਦਾ/ ਸਮਝਦੀ ਹਾਂ ਕਿ ਇਸ ਫਾਰਮ ਤੇ ਦਸਤਖਤ ਨਾ ਕਰਨ ਨਾਲ DSHS ਬੈਨਿਫਿਟਾਂ ਲਈ ਮੇਰੀ ਯੋਗਤਾ ਤੇ ਅਸਰ ਨਹੀਂ ਪਵੇਗਾ। ਇਸ ਫਾਰਮ ਤੇ ਦਸਤਖਤ ਨਾ ਕਰਨ ਵਾਲਾ ਹਰ ਵਿਅਕਤੀ ਵੀ ਇਸ ਪ੍ਰੋਗਰਾਮ ਦਾ ਪਾਤਰ ਹੈ ਅਤੇ ਬੈਨਿਫਿਟਾਂ ਦੀ ਦੁਰਵਰਤੋਂ ਕਰਨ ਤੇ ਫੌਜਦਾਰੀ ਕਾਰਵਾਈ ਦਾ ਪਾਤਰ ਹੈ।

ਮੈਂ ਸਮਝਦਾ/ ਸਮਝਦੀ ਹਾਂ ਕਿ ਮੇਰਾ EBT ਕਾਰਡ DSHS ਨੂੰ ਮੇਰੀ ਵਰਤੋਂ ਦਾ ਇਤਹਾਸ ਮੁਹੱਈਆ ਕਰਦਾ ਹੈ ਜਿਸ ਵਿਚ ਇਹ ਵੀ ਸ਼ਾਮਲ ਹੈ ਕਿ ਮੈਂ ਆਪਣੇ ਕਾਰਡ ਦੀ ਵਰਤੋਂ ਕਿੱਥੇ ਕਰਦਾ/ ਕਰਦੀ ਹਾਂ। ਮੈਂ ਸਮਝਦਾ/ ਸਮਝਦੀ ਹਾਂ ਕਿ DSHS ਇਸ ਜਾਣਕਾਰੀ ਦੀ ਅਤੇ ਕਾਰਡਾਂ ਦੀ ਬਦਲ ਲਈ ਮੇਰੀਆਂ ਬੇਨਤੀਆਂ ਦੀ ਵਰਤੋਂ ਕੈਸ਼ ਗਰਾਂਟਾਂ ਜਾਂ ਫ਼ੂਡ ਬੈਨਿਫਿਟਾਂ ਦੀ ਦੁਰਵਰਤੋਂ ਦੀ ਜਾਂਚ ਕਰਨ ਲਈ ਕਰੇਗਾ।

| ਅਰਜ਼ੀਦਾਤਾ ਦੇ ਦਸਤਖਤ | ਮਿਤੀ |
|---|---|
| | |

☐ ਦਸਤਖਤ ਕਰਨ ਤੋਂ ਇਨਕਾਰ ਕੀਤਾ; DSHS ਸਟਾਫ ਦੇ ਛੋਟੇ ਦਸਤਖਤ ________________